# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 23 ਜੁਲਾਈ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗ਼ਜ਼ਲ ਮੰਚ ਸਰੀ ਵੱਲੋਂ ਉੱਘੇ ਸੈਕਸੋਫੋਨ ਵਾਦਕ ਮਨਜੀਤ ਸਿੰਘ ਨਾਲ ਵਿਸ਼ੇਸ਼ ਰੂਬਰੂ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 23 ਜੁਲਾਈ : ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨ ਬਾਲੀਵੁੱਡ ਦੇ ਨਾਮਵਰ ਸੈਕਸੋਫੋਨ ਵਾਦਕ ਮਨਜੀਤ ਸਿੰਘ ਨਾਲ ਇੱਕ ਯਾਦਗਾਰੀ ਰੂਬਰੂ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸੰਗੀਤ ਪ੍ਰੇਮੀਆਂ ਨੇ ਉਨ੍ਹਾਂ ਦੇ ਜੀਵਨ ਸਫ਼ਰ ਨੂੰ ਨੇੜਿਓਂ ਜਾਣਿਆ ਅਤੇ ਉਨ੍ਹਾਂ ਦੀਆਂ ਸੁਰਮਈ ਪੇਸ਼ਕਾਰੀਆਂ ਦਾ ਵੀ ਭਰਪੂਰ ਆਨੰਦ ਮਾਣਿਆ। ਸਮਾਗਮ ਦੀ ਸ਼ੁਰੂਆਤ ਗ਼ਜ਼ਲ ਮੰਚ ਦੇ ਸੰਚਾਲਕ ਰਾਜਵੰਤ ਰਾਜ ਨੇ ਕੀਤੀ। ਉਨ੍ਹਾਂ ਨੇ ਮੰਚ ਦੇ ਮੈਂਬਰਾਂ, ਮਹਿਮਾਨਾਂ ਅਤੇ ਸੰਗੀਤ ਪ੍ਰੇਮੀਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਰੂਬਰੂ ਪ੍ਰੋਗਰਾਮ ਕਲਾ ਅਤੇ ਕਲਾਕਾਰ ਵਿਚਕਾਰ ਸਿੱਧਾ ਸੰਵਾਦ ਸਥਾਪਤ ਕਰਨ ਦਾ ਸੁੰਦਰ ਮਾਧਿਅਮ ਹਨ।

ਆਪਣੇ ਸੰਬੋਧਨ ਦੌਰਾਨ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜੱਦੀ ਸਬੰਧ ਜਲੰਧਰ ਨਾਲ ਹੈ ਅਤੇ ਉਨ੍ਹਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸੰਗੀਤ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਬਣ ਜਾਵੇਗਾ। ਸੈਕਸੋਫੋਨ ਨਾਲ ਉਨ੍ਹਾਂ ਦੀ ਜਾਣ-ਪਛਾਣ ਇੱਕ ਇਤਫ਼ਾਕ ਵਜੋਂ ਹੋਈ। ਸ਼ੁਰੂ ਵਿੱਚ ਇਹ ਸਿਰਫ਼ ਇੱਕ ਸ਼ੌਕ ਸੀ ਪਰ ਹੌਲੀ-ਹੌਲੀ ਇਹ ਸ਼ੌਕ ਸਾਧਨਾ ਵਿੱਚ ਬਦਲ ਗਿਆ ਅਤੇ ਫਿਰ ਇਹੀ ਉਨ੍ਹਾਂ ਦੀ ਪਹਿਚਾਣ ਬਣ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੰਗੀਤ ਦੀ ਕੋਈ ਵਿਧੀਵਤ ਸਿੱਖਿਆ ਪ੍ਰਾਪਤ ਨਹੀਂ ਕੀਤੀ, ਸਗੋਂ ਮਹਾਨ ਸੰਗੀਤਕਾਰਾਂ ਅਤੇ ਉਸਤਾਦਾਂ ਨੂੰ ਸੁਣ-ਸੁਣ ਕੇ ਆਪਣੇ ਆਪ ਨੂੰ ਤਿਆਰ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਜਿਸ ਇਨਸਾਨ ਦੇ ਅੰਦਰ ਸੰਗੀਤ ਲਈ ਸੱਚਾ ਜਨੂੰਨ ਹੋਵੇ, ਉਹ ਡਿਗਰੀਆਂ ਨਾਲੋਂ ਵੀ ਵੱਡਾ ਕਲਾਕਾਰ ਬਣ ਸਕਦਾ ਹੈ ਕਿਉਂਕਿ ਅਸਲ ਕਲਾ ਰੂਹ ਦੀ ਗਹਿਰਾਈ ਅਤੇ ਨਿਰੰਤਰ ਰਿਆਜ਼ 'ਚੋਂ ਜਨਮ ਲੈਂਦੀ ਹੈ।

ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਲਈ ਸੰਗੀਤ ਕਦੇ ਵੀ ਕੇਵਲ ਰੋਜ਼ੀ-ਰੋਟੀ ਦਾ ਸਾਧਨ ਨਹੀਂ ਰਿਹਾ। ਇਹ ਉਨ੍ਹਾਂ ਦੀ ਸਾਧਨਾ, ਉਨ੍ਹਾਂ ਦਾ ਜਨੂੰਨ ਅਤੇ ਉਨ੍ਹਾਂ ਦੀ ਰੂਹ ਦੀ ਆਵਾਜ਼ ਹੈ। ਜਦੋਂ ਕਲਾਕਾਰ ਆਪਣੀ ਕਲਾ ਨੂੰ ਪੈਸੇ ਦੀ ਥਾਂ ਪਿਆਰ ਅਤੇ ਸਮਰਪਣ ਨਾਲ ਅਪਣਾਉਂਦਾ ਹੈ ਤਾਂ ਉਸ ਦੀ ਪੇਸ਼ਕਾਰੀ ਸਿੱਧੀ ਸਰੋਤਿਆਂ ਦੇ ਦਿਲਾਂ ਤੱਕ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਉਹ ਕਈ ਪ੍ਰੋਗਰਾਮ ਸਿਰਫ਼ ਸੰਗੀਤ ਪ੍ਰੇਮੀਆਂ ਦੇ ਸੱਦੇ ਅਤੇ ਆਪਣੇ ਅੰਦਰਲੇ ਸੰਤੋਖ ਲਈ ਕਰਦੇ ਹਨ ਜਦਕਿ ਪੇਸ਼ੇਵਰ ਸਮਾਗਮਾਂ ਵਿੱਚ ਮਾਰਕੀਟ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਨ।

ਮਨਜੀਤ ਸਿੰਘ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕਿਸੇ ਵੀ ਵਾਦਕ ਜਾਂ ਗਾਇਕ ਲਈ ਦੋ ਗੱਲਾਂ ਸਭ ਤੋਂ ਵੱਧ ਮਹੱਤਵਪੂਰਨ ਹਨ – ਆਪਣੇ ਸਾਜ਼ ਜਾਂ ਆਵਾਜ਼ 'ਤੇ ਪੂਰੀ ਤਕਨੀਕੀ ਪਕੜ ਅਤੇ ਸੰਗੀਤ ਦੀ ਡੂੰਘੀ ਸਮਝ। ਉਨ੍ਹਾਂ ਕਿਹਾ ਕਿ ਸਾਜ਼ ਨੂੰ ਵਜਾਉਣਾ ਤਾਂ ਸਿੱਖਿਆ ਜਾ ਸਕਦਾ ਹੈ ਪਰ ਉਸ ਵਿੱਚ ਰੂਹ ਫੂਕਣ ਲਈ ਸੰਗੀਤ ਨੂੰ ਮਹਿਸੂਸ ਕਰਨਾ ਪੈਂਦਾ ਹੈ। ਜਦੋਂ ਤਕਨੀਕ, ਰਿਆਜ਼ ਅਤੇ ਅੰਦਰਲੀ ਸੰਵੇਦਨਾ ਇੱਕ ਹੋ ਜਾਂਦੇ ਹਨ ਤਾਂ ਹੀ ਅਸਲ ਕਲਾਕਾਰ ਜਨਮ ਲੈਂਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸੰਗੀਤ ਸਿਰਫ਼ ਉਂਗਲਾਂ ਦਾ ਨਹੀਂ ਸਗੋਂ ਦਿਮਾਗ ਅਤੇ ਦਿਲ ਦਾ ਵੀ ਸਫ਼ਰ ਹੈ।

ਰੂਬਰੂ ਗੱਲਬਾਤ ਤੋਂ ਬਾਅਦ ਮਨਜੀਤ ਸਿੰਘ ਨੇ ਆਪਣੇ ਸੈਕਸੋਫੋਨ ਦੀਆਂ ਮਧੁਰ ਸੁਰ-ਲਹਿਰਾਂ ਨਾਲ ਸਮੁੱਚੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਉਨ੍ਹਾਂ ਨੇ ਮੁਹੰਮਦ ਰਫ਼ੀ, ਮੰਨਾ ਡੇ, ਐਸ. ਡੀ. ਬਰਮਨ, ਕਿਸ਼ੋਰ ਕੁਮਾਰ, ਮਹਿੰਦਰ ਕਪੂਰ ਅਤੇ ਲਤਾ ਮੰਗੇਸ਼ਕਰ ਦੇ ਅਨੇਕਾਂ ਸਦਾਬਹਾਰ ਮਧੁਰ ਗੀਤ ਸੈਕਸੋਫੋਨ 'ਤੇ ਇਸ ਅੰਦਾਜ਼ ਵਿੱਚ ਪੇਸ਼ ਕੀਤੇ ਕਿ ਸਰੋਤੇ ਇੱਕ ਵਾਰ ਫਿਰ ਸੁਨਹਿਰੀ ਸੰਗੀਤਕ ਦੌਰ ਵਿੱਚ ਪਰਤਦੇ ਮਹਿਸੂਸ ਹੋਏ। ਉਨ੍ਹਾਂ ਦੀ ਦਿਲਕਸ਼ ਪੇਸ਼ਕਾਰੀ ਨੂੰ ਹਾਜ਼ਰੀਨ ਨੇ ਵਾਹ ਵਾਹ ਅਲਾਪਦਿਆਂ ਤਾੜੀਆਂ ਨਾਲ ਭਰਪੂਰ ਦਾਦ ਦਿੱਤੀ।

ਸਮਾਗਮ ਦੇ ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਇੰਦਰਜੀਤ ਧਾਮੀ, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਭੁਪਿੰਦਰ ਮੱਲ੍ਹੀ ਅਤੇ ਰਿੱਕੀ ਬਾਜਵਾ ਨੇ ਮਨਜੀਤ ਸਿੰਘ ਦੀ ਵਿਲੱਖਣ ਕਲਾਕਾਰੀ, ਸੈਕਸੋਫੋਨ 'ਤੇ ਉਨ੍ਹਾਂ ਦੀ ਬੇਮਿਸਾਲ ਮੁਹਾਰਤ ਅਤੇ ਗੀਤਾਂ ਦੀ ਸੁਚੱਜੀ ਚੋਣ ਦੀ ਭਰਪੂਰ ਸ਼ਲਾਘਾ ਕੀਤੀ। ਗ਼ਜ਼ਲ ਮੰਚ ਵੱਲੋਂ ਮਨਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਧਾਨ ਜਸਵਿੰਦਰ ਨੇ ਮਨਜੀਤ ਸਿੰਘ ਅਤੇ ਹਾਜਰ ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਪ੍ਰੇਮ ਪਾਲ ਸਿੰਘ ਇਟਲੀ ਦੇ ਗ਼ਜ਼ਲ ਸੰਗ੍ਰਹਿ ਅਧੂਰੇ ਖ਼ਾਬ ਦਾ ਲੋਕ ਅਰਪਣ ਅਤੇ ਵਿਚਾਰ ਚਰਚਾ

### ਪ੍ਰੋ: ਜਸਪਾਲ ਸਿੰਘ ਅਤੇ ਆਰਤੀ ਬਕਸ਼ੀ ਦੁਆਰਾ ਪੜ੍ਹੇ ਗਏ ਪਰਚੇ ,ਹਾਜ਼ਰ ਕਵੀਆਂ ਵੱਲੋਂ ਕੀਤਾ ਗਿਆ ਕਵਿਤਾ ਪਾਠ

ਵਰਲਡ ਪੰਜਾਬੀ ਟਾਈਮਜ਼

ਫਿਉਰਨਸੌਲਾ – ਇਟਲੀ 23 ਜੁਲਾਈ : ਪਿਛਲੇ ਦਿਨੀਂ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਪ੍ਰਧਾਨ ਮੇਜ਼ਰ ਸਿੰਘ ਖੱਖ ਦੀ ਪ੍ਰਧਾਨਗੀ ਵਿੱਚ ਫਿਉਰਨਸੌਲਾ ਸ਼ਹਿਰ ਵਿੱਚ ਇਟਲੀ ਦੇ ਮੰਨੇ ਪ੍ਰਮੰਨੇ ਪ੍ਰਸਿੱਧ ਗ਼ਜ਼ਲਗੋ ਪ੍ਰੇਮ ਪਾਲ ਸਿੰਘ ਦੇ ਪਲੇਠੇ ਗ਼ਜ਼ਲ ਸੰਗ੍ਰਹਿ "ਅਧੂਰੇ ਖ਼ਾਬ" ਨੂੰ ਲੋਕ ਅਰਪਣ ਕੀਤਾ ਗਿਆ ਅਤੇ ਇਸ ਉੱਪਰ ਸੁਚਾਰੂ ਵਿਚਾਰ ਚਰਚਾ ਵੀ ਕਰਵਾਈ ਗਈ। ਇਸ ਸਮਾਗਮ ਵਿੱਚ ਲੇਖਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਆਰੰਭ ਵਿੱਚ ਮੇਜਰ ਸਿੰਘ ਖੱਖ ਨੇ ਸਭ ਨੂੰ ਜੀ ਆਇਆਂ ਆਖਿਆ। ਗ਼ਜ਼ਲ ਸੰਗ੍ਰਹਿ ਅਧੂਰੇ ਖ਼ਾਬ ਉੱਤੇ ਪ੍ਰੋ:ਜਸਪਾਲ ਸਿੰਘ ਅਤੇ ਆਰਤੀ ਬਕਸ਼ੀ ਆਰੂ ਨੇ ਬਹੁਤ ਹੀ ਮਿਆਰੀ ਪਰਚੇ ਪੜ੍ਹੇ ਅਤੇ ਹਾਜ਼ਰ ਕਲਮਕਾਰਾਂ ਨਾਲ਼ ਵਿਚਾਰ ਚਰਚਾ ਕੀਤੀ। ਸਟੇਜ ਸਕੱਤਰ ਦਲਜਿੰਦਰ ਰਹਿਲ ਵੱਲੋਂ ਸਰਦਾਰ ਬਲਵਿੰਦਰ ਸਿੰਘ ਚਾਹਲ ਯੂ ਕੇ ,ਕੁਲਵਿੰਦਰ ਸਿੰਘ ਬਾਠ ਯੂ ਐਸ ਏ, ਪ੍ਰੋ ਬਲਦੇਵ ਸਿੰਘ ਧਾਲੀਵਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋਫੈਸਰ ਦਿਆ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹਰਮੀਤ ਸਿੰਘ ਅਟਵਾਲ ਜਲੰਧਰ ਵਲੋਂ ਕਿਤਾਬ ਅਧੂਰੇ ਖ਼ਾਬ ਲਈ ਪ੍ਰੇਮ ਪਾਲ ਸਿੰਘ ਨੂੰ ਭੇਜੇ ਵਧਾਈ ਸੰਦੇਸ਼ ਪੜ੍ਹ ਕੇ ਸੁਣਾਏ। ਇਸ ਮੌਕੇ ਅਧੂਰੇ ਖ਼ਾਬ ਤੋਂ ਇਲਾਵਾ ਰਾਜਸਥਾਨ ਤੋਂ ਛੱਪਦੇ ਤਰੈ ਮਾਸਿਕ ਮੈਗਜ਼ੀਨ ਪੈੜਾਂ ਦੇ ਵਿਸ਼ੇਸ਼ ਪਰਵਾਸ ਅੰਕ , ਮੈਗਜ਼ੀਨ ਰਾਗ , ਆਤਮਜੀਤ ਅਤੇ ਪ੍ਰੋ ਗੁਰਭਜਨ ਸਿੰਘ ਗਿੱਲ ਦੁਆਰਾ ਸੰਪਾਦਿਤ ਪੁਸਤਕ "ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ ਅਤੇ ਡਾ ਐਸ ਪੀ ਸਿੰਘ ਦੀ ਦਿਸ਼ਾ ਨਿਰਦੇਸ਼ ਵਿੱਚ ਡਾ ਮਨਦੀਪ ਕੌਰ ਦੁਆਰਾ ਸੰਪਾਦਿਤ ਪੁਸਤਕ ਗੁਜਰਾਂਵਾਲਾ ਵੀ ਯੂਰਪੀ ਪੰਜਾਬੀ ਪਾਠਕਾਂ ਲਈ ਲੋਕ ਅਰਪਣ ਕੀਤੀਆਂ ਗਈਆਂ।

ਦੂਸਰੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚ ਪ੍ਰੇਮ ਪਾਲ ਸਿੰਘ,ਮੇਜਰ ਸਿੰਘ ਖੱਖ, ਪ੍ਰੋ ਜਸਪਾਲ ਸਿੰਘ,ਆਰਤੀ ਬਕਸ਼ੀ ਆਰੂ, ਜੱਸੀ ਬੰਗਾ ,ਜਗਦੀਸ਼ ਸਿੰਘ ਮਹਿਮੀ ,ਜਗਤਾਰ ਸਿੰਘ ਸਹੋਤਾ , ਜਗਰੂਪ ਸਿੰਘ ਭੁੱਲਰ,ਸਿੱਕੀ ਝੱਜੀ ਪਿੰਡ ਵਾਲਾ,ਨਰਿੰਦਰ ਸਿੰਘ ਪੰਨੂ, ਮਨਵੀਰ ਸਿੰਘ ਅਤੇ ਦਲਜਿੰਦਰ ਰਹਿਲ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ, ਗ਼ਜ਼ਲਾਂ ਰਾਹੀਂ ਸਮਾਂ ਬੰਨ੍ਹ ਦਿੱਤਾ। ਅੰਤ ਵਿੱਚ ਪ੍ਰੇਮ ਪਾਲ ਸਿੰਘ ਨੇ ਗ਼ਜ਼ਲ ਸੰਗ੍ਰਹਿ ਤੇ ਹੋਈ ਵਿਚਾਰ ਚਰਚਾ ਤੇ ਤਸੱਲੀ ਪ੍ਰਗਟਾਉਂਦਿਆਂ ਸੱਭ ਦਾ ਧੰਨਵਾਦ ਕੀਤਾ ।

## ਕੁਦਰਤ ਨਾਲ ਖਿਲਵਾੜ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਹਰਾ ਭਰਾ ਦਰਖ਼ਤ ਕੱਟ ਕੇ ਅਸੀਂ
ਕਾਗ਼ਜ਼ 'ਤੇ "ਵਿਕਾਸ" ਲਿਖ ਦਿੱਤਾ,
ਨਦੀਆਂ ਨੂੰ ਨਲਕੇ ਬਣਾ ਦਿੱਤਾ,
ਤੇ ਬੱਦਲਾਂ ਤੋਂ ਮੀਂਹ ਮੰਗਣ ਲੱਗ ਪਏ।

ਪੰਛੀਆਂ ਦਾ ਆਲ੍ਹਣਾ ਉਜਾੜ ਕੇ
ਫਲੈਟਾਂ 'ਚ "ਸੁੱਖ" ਖਰੀਦ ਲਿਆ,
ਮਿੱਟੀ ਦੀ ਖੁਸ਼ਬੂ ਭੁੱਲ ਕੇ
ਏ.ਸੀ. ਦੀ ਹਵਾ ਨੂੰ "ਚੈਨ" ਕਹਿ ਦਿੱਤਾ।

ਕੀੜੀ-ਕੀੜੇ ਨੂੰ ਪੈਰਾਂ ਹੇਠਾਂ ਕੁਚਲ ਕੇ
"ਤਰੱਕੀ" ਦੇ ਨਾਅਰੇ ਲਾਏ,
ਧਰਤੀ ਮਾਂ ਨੂੰ ਜ਼ਖ਼ਮੀ ਕਰਕੇ
ਦਵਾਈਆਂ ਦੀ ਫੈਕਟਰੀ ਖੋਲ੍ਹ ਲਈ।

ਯਾਦ ਰੱਖੋ ਦਰਵੇਸ਼ੋ...
ਕੁਦਰਤ ਰੁੱਸੀ ਤਾਂ ਅੰਮ੍ਰਿਤ ਵੀ ਜ਼ਹਿਰ ਬਣ ਜਾਣਾ,
ਜਿਸ ਥਾਲੀ 'ਚ ਖਾਧਾ ਉਸੇ 'ਚ ਮੋਰਾ ਕਰਨਾ,
ਇਹ ਮਨੁੱਖ ਦੀ ਸਭ ਤੋਂ ਵੱਡੀ ਭੁੱਲ ਬਣ ਜਾਣਾ।

## ਮੇਅਰ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਵਿਕਾਸਮੁਖੀ ਸੋਚ ਨਾਲ ਚੋਣ ਮੁਹਿੰਮ ਨੂੰ ਦਿੱਤਾ ਨਵਾਂ ਮੋੜ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 23 ਜੁਲਾਈ : ਅਕਤੂਬਰ ਮਹੀਨੇ ਹੋਣ ਜਾ ਰਹੀਆਂ ਸਰੀ ਸਿਟੀ ਚੋਣਾਂ ਨੂੰ ਲੈ ਕੇ ਸ਼ਹਿਰ ਵਿਚ ਸਿਆਸੀ ਸਰਗਰਮੀਆਂ ਪੂਰੇ ਜ਼ੋਰਾਂ 'ਤੇ ਹਨ। 'ਕੰਜ਼ਰਵੇਟਿਵ ਪਾਰਟੀ ਆਫ ਸਰੀ' ਵੱਲੋਂ ਮੇਅਰ ਪਦ ਦੇ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਰਵਾਇਤੀ ਰਾਜਨੀਤੀ ਦੀ ਲੀਹ ਤੋਂ ਹਟ ਕੇ ਇੱਕ ਨਵੀਂ, ਅਗਾਂਹਵਧੂ ਅਤੇ ਵਿਕਾਸਮੁਖੀ ਚੋਣ ਮੁਹਿੰਮ ਵਿੱਢ ਦਿੱਤੀ ਹੈ। ਸ਼ਹਿਰ ਦੇ ਵੱਖ-ਵੱਖ ਵਰਗਾਂ ਨਾਲ ਸਿੱਧਾ ਸੰਵਾਦ ਰਚਾ ਕੇ ਅਤੇ ਸਪੱਸ਼ਟ ਰੋਡਮੈਪ ਪੇਸ਼ ਕਰ ਕੇ ਸ. ਰੰਧਾਵਾ ਆਪਣੀ ਮੁਹਿੰਮ ਨੂੰ ਇੱਕ ਵੱਖਰਾ ਰੂਪ ਦੇ ਰਹੇ ਹਨ। ਇਸ ਚੋਣ ਮੁਹਿੰਮ ਦੌਰਾਨ ਉਨ੍ਹਾਂ ਦੇ ਨਾਲ ਕੌਂਸਲ ਉਮੀਦਵਾਰ ਰਿੱਕੀ ਬਾਜਵਾ, ਡੋਨਾ ਵੂ, ਕੈਲਵਿਨ ਵੈਂਡਰਪਲੌਂਗ ਅਤੇ ਡੈਨ ਬੀ. ਕਾਰਲੋਸ ਵੀ ਪੂਰੀ ਸਰਗਰਮੀ ਨਾਲ ਡਟੇ ਹੋਏ ਹਨ।

ਬੀਤੇ ਦਿਨੀਂ ਦਸ਼ਮੇਸ਼ ਹਾਕੀ ਕਲੱਬ ਦੇ ਵਿਸ਼ੇਸ਼ ਸਮਾਗਮ ਦੌਰਾਨ ਹੋਨਵੀਰ ਰੰਧਾਵਾ ਨੇ ਖਿਡਾਰੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਖੇਡ ਪ੍ਰੇਮੀਆਂ ਨਾਲ ਮੁਲਾਕਾਤ ਕੀਤੀ। ਨੌਜਵਾਨਾਂ ਨੂੰ ਨਸ਼ਿਆਂ ਅਤੇ ਗਲਤ ਸੰਗਤ ਤੋਂ ਦੂਰ ਰੱਖ ਕੇ ਖੇਡਾਂ ਵੱਲ ਉਤਸ਼ਾਹਿਤ ਕਰਨ ਦਾ ਸੰਕਲਪ ਦੁਹਰਾਉਂਦਿਆਂ ਉਨ੍ਹਾਂ ਐਲਾਨ ਕੀਤਾ ਕਿ ਉੱਭਰਦੇ ਖਿਡਾਰੀਆਂ ਲਈ ਵਿਸ਼ੇਸ਼ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਵਾਲੇ ਖਿਡਾਰੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਿੱਤੀ ਸਹਾਇਤਾ ਮਿਲੇਗੀ ਅਤੇ ਸ਼ਹਿਰ ਵਿੱਚ ਖੇਡਾਂ ਦੇ ਬਿਹਤਰ ਮੌਕੇ ਪੈਦਾ ਕੀਤੇ ਜਾਣਗੇ।

ਸਥਾਨਕ ਅਰਥਵਿਵਸਥਾ ਨੂੰ ਹੁਲਾਰਾ ਦੇਣ ਲਈ ਹੋਨਵੀਰ ਸਿੰਘ ਰੰਧਾਵਾ ਨੇ ਛੋਟੇ ਵਪਾਰੀਆਂ ਲਈ ਵੱਡੇ ਆਰਥਿਕ ਸੁਧਾਰਾਂ ਦਾ ਪ੍ਰਸਤਾਵ ਵੀ ਰੱਖਿਆ ਹੈ। 'ਗਰਬਾ ਨਾਈਟ' ਸਮਾਗਮ ਦੌਰਾਨ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਵਾਅਦਾ ਕੀਤਾ ਕਿ ਛੋਟੇ ਕਾਰੋਬਾਰਾਂ ਲਈ ਵਪਾਰਕ ਲਾਇਸੈਂਸ ਫੀਸ ਪੂਰੀ ਤਰ੍ਹਾਂ ਮੁਆਫ਼ ਕੀਤੀ ਜਾਵੇਗੀ, ਅਗਲੇ 4 ਸਾਲਾਂ ਲਈ ਕਮਰਸ਼ੀਅਲ ਪ੍ਰਾਪਰਟੀ ਟੈਕਸ ਵਿੱਚ ਕੋਈ ਵਾਧਾ ਨਹੀਂ ਹੋਵੇਗਾ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਵਾਲੇ ਛੋਟੇ ਕਾਰੋਬਾਰਾਂ ਨੂੰ 5 ਫੀਸਦੀ ਟੈਕਸ ਛੋਟ ਦਿੱਤੀ ਜਾਵੇਗੀ। ਇਸ ਸਮਾਗਮ ਦੌਰਾਨ ਉਨ੍ਹਾਂ ਨੇ ਭਾਈਚਾਰਕ ਸਾਂਝ ਦਾ ਸਬੂਤ ਦਿੰਦਿਆਂ ਗਰਬਾ ਅਤੇ ਆਰਤੀ ਸਮਾਗਮ ਵਿੱਚ ਵੀ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਤੋਂ ਇਲਾਵਾ ਸ. ਰੰਧਾਵਾ ਨੇ ਬੈਥਲ ਚਰਚ ਦਾ ਦੌਰਾ ਕਰ ਕੇ ਧਾਰਮਿਕ ਤੇ ਭਾਈਚਾਰਕ ਆਗੂਆਂ ਨਾਲ ਇੱਕ ਸੁਰੱਖਿਅਤ ਅਤੇ ਮਜ਼ਬੂਤ ਸਰੀ ਬਣਾਉਣ ਦੀ ਆਪਣੀ ਯੋਜਨਾ ਸਾਂਝੀ ਕੀਤੀ, ਜਿੱਥੇ ਚਰਚ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਟੀ.ਈ. ਸਕਾਟ ਪਾਰਕ ਮੇਲੇ ਵਿੱਚ ਵੀ ਉਨ੍ਹਾਂ ਨੇ ਆਮ ਲੋਕਾਂ ਨਾਲ ਮੁਲਾਕਾਤ ਕਰਕੇ ਸਰੀ ਨੂੰ ਵਧੇਰੇ ਸੁਰੱਖਿਅਤ, ਖੁਸ਼ਹਾਲ ਅਤੇ ਇਕਜੁੱਟ ਬਣਾਉਣ ਦਾ ਪ੍ਰਣ ਦੁਹਰਾਇਆ।

ਪੇਸ਼ੇ ਤੋਂ ਵਕੀਲ ਹੋਨਵੀਰ ਸਿੰਘ ਰੰਧਾਵਾ ਦੀ ਪਛਾਣ ਇੱਕ ਗੰਭੀਰ ਅਤੇ ਸਮਾਜ ਸੇਵੀ ਸ਼ਖ਼ਸੀਅਤ ਵਜੋਂ ਉੱਭਰੀ ਹੈ, ਜਿਨ੍ਹਾਂ ਨੂੰ ਵੱਖ-ਵੱਖ ਸਮਾਜਿਕ ਸੰਸਥਾਵਾਂ ਵੱਲੋਂ ਲੋਕ ਭਲਾਈ ਦੇ ਕੰਮਾਂ ਲਈ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸ. ਰੰਧਾਵਾ ਦੀ ਮੁਹਿੰਮ ਦਾ ਸਭ ਤੋਂ ਅਹਿਮ ਪੱਖ ਇਹ ਹੈ ਕਿ ਉਹ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਹਨ, ਬਲਕਿ ਨੌਜਵਾਨਾਂ, ਖਿਡਾਰੀਆਂ, ਵਪਾਰੀਆਂ ਅਤੇ ਧਾਰਮਿਕ ਸ਼ਖ਼ਸੀਅਤਾਂ ਨਾਲ ਸਿੱਧਾ ਜ਼ਮੀਨੀ ਸੰਪਰਕ ਬਣਾ ਕੇ ਸਰੀ ਦੇ ਬਹੁ-ਸੱਭਿਆਚਾਰਕ ਸਮਾਜ ਨੂੰ ਇੱਕ ਨਵੀਂ ਅਤੇ ਸਪੱਸ਼ਟ ਦਿਸ਼ਾ ਦੇ ਰਹੇ ਹਨ।

## ਪੰਜਾਬ ਤੇ ਪੰਜਾਬੀ ਕੈਨੇਡਾ ਦੀ ਰਾਜਨੀਤੀ ਤੇ ਆਰਥਿਕਤਾ ਵਿੱਚ ਅਹਿਮ ਯੋਗਦਾਨ ਪਾ ਰਹੇ

### ਪੰਜਾਬੀਆਂ ਦੀ ਹਰ ਮੁਸ਼ਕਿਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ: ਐਮ.ਪੀ. ਸੋਨੀਆ ਸਿੱਧੂ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਟੋਰਾਂਟੋ, 23 ਜੁਲਾਈ : ਜਗਤ ਪੰਜਾਬੀ ਸਭਾ ਤੇ ਓਨਟਾਰੀਓ ਫਰੈਂਡਸ ਕਲੱਬ ਵੱਲੋਂ ਆਯੋਜਿਤ ਬਾਰਵੀਂ ਵਰਲਡ ਪੰਜਾਬੀ ਕਾਨਫਰੰਸ ਦੌਰਾਨ ਦੇਸ਼ਾਂ, ਵਿਦੇਸ਼ਾਂ ਤੋਂ ਆਏ ਡੈਲੀਗੇਟਸ ਨੂੰ ਬਰੈਂਮਟਨ ਤੋਂ ਹਾਊਸ ਆਫ ਕਾਮਨਜ, ਔਟਵਾ ਦੀ ਯਾਤਰਾ ਕਰਵਾਈ ਗਈ।

ਚੇਅਰਮੈਨ ਸਰਦਾਰ ਅਜੈਬ ਸਿੰਘ ਚੱਠਾ ਦੀ ਦੇਖ ਰੇਖ ਵਿੱਚ ਔਟਵਾ ਵਿਖੇ ਬਰੈਂਮਟਨ ਤੋਂ ਐਮ.ਪੀ. ਸੋਨੀਆ ਸਿੱਧੂ ਨੇ ਸਮੂਹ ਡੈਲੀਗੇਟਾਂ ਦਾ ਮਾਨ ਸਨਮਾਨ ਕੀਤਾ। ਚਾਹ ਪਾਣੀ ਦੀ ਸੇਵਾ ਉਪਰੰਤ ਕਨੇਡਾ ਵਿਖੇ ਪੰਜਾਬੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਸਥਾਰ ਵਿੱਚ ਗੱਲਬਾਤ ਕੀਤੀ ਗਈ। ਐਮ.ਪੀ. ਮੈਡਮ ਨੇ ਦੱਸਿਆ ਕਿ ਪਹਿਲੀਆਂ ਕਾਨਫਰੰਸਾਂ ਵਾਂਗ ਇਹ ਕਾਨਫਰੰਸ ਵੀ ਕਨੇਡਾ ਅਤੇ ਭਾਰਤ ਦੇ ਰਿਸ਼ਤਿਆਂ ਨੂੰ ਵਧੇਰੇ ਮਜਬੂਤ ਕਰੇਗੀ।



ਉਹਨਾਂ ਨੇ ਅਜਾਇਬ ਸਿੰਘ ਚੱਠਾ ਦੀ ਸਿਫਤ ਕਰਦਿਆਂ ਕਿਹਾ ਕਿ ਕਾਨਫਰਸਾਂ ਰਾਹੀਂ ਜਿੱਥੇ ਵਿਦਿਅਕ, ਰਾਜਨੀਤਕ ਸੱਭਿਆਚਾਰਕ ਤੇ ਆਰਥਿਕ ਲੋੜਾਂ ਥੋੜਾਂ ਦਾ ਨਿਪਟਾਰਾ ਹੁੰਦਾ ਉੱਥੇ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਸਾਡੇ ਰਿਸ਼ਤੇ ਮਜਬੂਤ ਹੁੰਦੇ ਹਨ। ਇਸ ਮੌਕੇ ਰਿਕੀ ਗੋਗਨਾ ਤੇ ਹੋਰਾਂ ਨੇ ਉਹਨਾਂ ਨੂੰ ਕੈਨੇਡਾ ਵਿਖੇ ਪੰਜਾਬ ਨਿਵਾਸੀਆਂ ਦੀਆਂ ਔਕੜਾਂ ਬਾਰੇ ਦੱਸਿਆ ਜਿਸ ਸਬੰਧੀ ਐਮ.ਪੀ. ਸੋਨੀਆ ਸਿੱਧੂ ਨੇ ਬੜੀ ਸੁਹਿਰਦਤਾ ਨਾਲ ਸਹਿਯੋਗ ਦਿੰਦੇ ਰਹਿਣ ਦਾ ਵਾਅਦਾ ਕੀਤਾ। ਪਾਰਲੀਮੈਂਟ ਹਾਊਸ ਦੀ ਸੈਰ ਤੋਂ ਬਾਅਦ ਗੁਰਦੁਆਰਾ ਸਾਹਿਬ, ਔਟਵਾ ਵਿਖੇ ਪ੍ਰਬੰਧਕ ਸਰਦਾਰ ਸੁੱਚਾ ਸਿੰਘ ਮਾਨ ਦੁਆਰਾ ਬਾਹਰੋਂ ਆਏ ਡੈਲੀਗੇਟਸ ਦਾ ਸਨਮਾਨ ਕੀਤਾ ਗਿਆ।

ਮਿਸੀਸਾਗਾ ਦੀ ਮੇਅਰ ਕੈਰੋਲੀਨ ਪਾਰਿਸ਼ ਤੇ ਡਿਪਟੀ ਮੇਅਰ ਮੈਟ ਮਾਹੋਨੇ ਸਮੇਤ ਬਰੈਂਮਟਨ ਦੇ ਮੇਅਰ ਪੈਟਰਿਕ ਬਰਾਊਨ ਤੇ ਡਿਪਟੀ ਮੇਅਰ ਤੇ ਸਿਟੀ ਕੌਂਸਲਰ ਹਰਕੀਰਤ ਸਿੰਘ ਨੇ ਆਪੋ ਆਪਣੇ ਸਰਕਾਰੀ ਦਫਤਰਾਂ ਵਿੱਚ ਕਾਨਫਰੰਸ ਅਧਿਕਾਰੀ ਸਰਦਾਰ ਅਜੈਬ ਸਿੰਘ ਚੱਠਾ, ਸਰਦੂਲ ਸਿੰਘ ਥਿਆੜਾ, ਸੰਤੋਖ ਸਿੰਘ ਸੰਧੂ ਤੇ ਇੰਦਰਬੀਰ ਸਿੰਘ ਚੀਮਾ ਸਮੇਤ ਸਾਰੇ ਡੈਲੀਗੇਟਸ ਦੇ ਸਨਮਾਨ ਹਿਤ ਯਾਦਗਾਰੀ ਸਰਟੀਫਿਕੇਟ ਦਿੱਤੇ ਗਏ। ਉਹਨਾਂ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਭਾਰਤ ਅਤੇ ਕਨੇਡਾ ਦੇ ਰਿਸ਼ਤਿਆਂ ਨੂੰ ਮਜਬੂਤ ਕਰਨ ਵਿੱਚ ਸਹਾਈ ਹੁੰਦੀਆਂ ਹਨ। ਉਹਨਾਂ ਕਿਹਾ ਕਿ ਸਹਿਤਕਾਰ, ਬੁੱਧੀਜੀਵੀ ਅਤੇ ਵਪਾਰਕ ਸ਼ਖਸ਼ੀਅਤਾਂ ਸਾਡੇ ਵਿਦਿਅਕ ਅਦਾਨ ਪ੍ਰਦਾਨ ਵਿਚ ਅਹਿਮ ਹਿੱਸਾ ਪਾਉਂਦੀਆਂ ਹਨ। ਇਹ ਕਾਨਫਰੰਸਾਂ ਸਾਡੇ ਆਰਥਿਕ ਅਤੇ ਰਾਜਨੀਤਿਕ ਰਿਸ਼ਤਿਆਂ ਨੂੰ ਮਜਬੂਤ ਕਰਨ ਅਤੇ ਸਹੀ ਦਿਸ਼ਾ ਦੇਣ ਵਿੱਚ ਅਹਮ ਤੇ ਯਾਦਗਾਰੀ ਯੋਗਦਾਨ ਪਾਉਂਦੀਆਂ ਹਨ।

## ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਣਵਾਂ, ਭੱਟੀਆ ਅਤੇ ਅੱਬੂਪੁਰਾ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ

### *ਨੌਜਵਾਨ ਪੀੜ੍ਹੀ ਨੂੰ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨਾਲ ਜੋੜ ਰਹੀ ਪੰਜਾਬ ਸਰਕਾਰ ਦੀ ਵਿਸ਼ੇਸ਼ ਪਹਿਲ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 23 ਜੁਲਾਈ: ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਦੇ ਸਮਰਪਿਤ ਪੰਜਾਬ ਸਰਕਾਰ ਵੱਲੋਂ ਬਲਾਕ ਮਾਛੀਵਾੜਾ ਸਾਹਿਬ ਦੇ ਪਿੰਡ ਰਾਣਵਾਂ, ਪਿੰਡ ਭੱਟੀਆ ਅਤੇ ਬਲਾਕ ਜਗਰਾਉਂ ਦੇ ਪਿੰਡ ਅੱਬੂਪੁਰਾ ਵਿੱਚ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਦਿਖਾਈ ਗਈ।

ਇਸ ਮੌਕੇ ਹਾਜ਼ਰ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ, ਆਪਸੀ ਭਾਈਚਾਰੇ, ਮਨੁੱਖਤਾ ਅਤੇ ਸਮਾਜਿਕ ਸਦਭਾਵਨਾ ਬਾਰੇ ਦਿੱਤੇ ਸੰਦੇਸ਼ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਗਿਆ।

ਪੰਜਾਬ ਸਰਕਾਰ ਦੇ ਇਸ ਉਪਰਾਲੇ ਤਹਿਤ ਲੁਧਿਆਣਾ ਜ਼ਿਲੇ ਵਿੱਚ 2 ਵੈਨਾਂ ਰਾਹੀ ਰੋਜਾਨਾਂ ਪਿੰਡਾਂ ਵਿੱਚ ਇਹ ਡਾਕੂਮੈਂਟਰੀ ਦਿਖਾਈ ਜਾ ਰਹੀ ਹੈ। ਇਸ ਮੌਕੇ ਪਿੰਡਾਂ ਦੇ ਸਰਪੰਚਾਂ, ਪੰਚਾਇਤ ਨੁਮਾਇੰਦਿਆਂ, ਨੌਜਵਾਨਾਂ, ਮਹਿਲਾਵਾਂ, ਬਜ਼ੁਰਗਾਂ ਅਤੇ ਪਿੰਡ ਵਾਸੀਆਂ ਵਲੋਂ ਸ਼ਰਧਾ, ਸਤਿਕਾਰ ਅਤੇ ਉਤਸ਼ਾਹ ਨਾਲ ਡਾਕੂਮੈਂਟਰੀ ਦੇਖੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਵਿਸ਼ੇਸ਼ ਮੁਹਿੰਮ ਦੀ ਸ਼ਲਾਘਾ ਕਰਦਿਆਂ ਪਿੰਡਾਂ ਦੇ ਵਸਨੀਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਰਾਹੀਂ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂਆਂ ਦੇ ਜੀਵਨ, ਵਿਚਾਰਾਂ ਅਤੇ ਮਨੁੱਖੀ ਭਲਾਈ ਲਈ ਦਿੱਤੇ ਉਨ੍ਹਾਂ ਦੇ ਪ੍ਰੇਰਣਾਦਾਇਕ ਸੰਦੇਸ਼ਾਂ ਨੂੰ ਜਾਣਨ ਅਤੇ ਸਮਝਣ ਦਾ ਮੌਕਾ ਮਿਲ ਰਿਹਾ ਹੈ।

ਪਿੰਡ ਵਾਸੀਆਂ ਨੇ ਡਾਕੂਮੈਂਟਰੀ ਨੂੰ ਪ੍ਰੇਰਣਾਦਾਇਕ ਅਤੇ ਸਮਾਜ ਲਈ ਮਾਰਗਦਰਸ਼ਕ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਚਾਰ ਸਮਾਜਿਕ ਏਕਤਾ, ਭਾਈਚਾਰੇ, ਬਰਾਬਰੀ ਅਤੇ ਆਪਸੀ ਸਤਿਕਾਰ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੇ ਸਮਾਜਿਕ ਸਦਭਾਵਨਾ ਅਤੇ ਬਰਾਬਰੀ ਨੂੰ ਹੋਰ ਮਜ਼ਬੂਤ ਕਰਨ ਲਈ ਅਜਿਹੀਆਂ ਜਨ-ਜਾਗਰੂਕਤਾ ਮੁਹਿੰਮਾਂ ਨੂੰ ਲਗਾਤਾਰ ਜਾਰੀ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਵੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਲਗਾਤਾਰ ਜਾਰੀ ਰਹੇਗੀ, ਤਾਂ ਜੋ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਬਰਾਬਰੀ, ਮਨੁੱਖਤਾ ਤੇ ਸਰਬੱਤ ਦੇ ਭਲੇ ਦਾ ਸੰਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

## ਐਲ.ਬੀ.ਸੀ.ਟੀ. ਨੇ ਢਿੱਲਵਾਂ ਦੇ ਸਰਕਾਰੀ ਸਕੂਲ 'ਚ ਪੌਦੇ ਲਗਾਏ : ਦਰਦੀ

### ਟਰੱਸਟ ਆਗੂਆਂ ਨੇ ਕੀਤੀ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫਰੀਦਕੋਟ 23 ਜੁਲਾਈ : ਲੰਮੇ ਸਮੇਂ ਤੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਨਾਮਣਾ ਖੱਟਣ ਵਾਲੀ ਗੈਰ ਸਰਕਾਰੀ ਅਤੇ ਗੈਰ ਰਾਜਨੀਤਕ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਜਿਲ੍ਹੇ ਦੇ ਸਰਕਾਰੀ ਸਕੂਲ ਅੰਦਰ ਰੁੱਖ ਲਗਾਓ ਮੁਹਿੰਮਲਗਾਤਾਰ ਜਾਰੀ ਹੈ। ਇਸ ਲੜੀ ਅਧੀਨ ਅੱਜ ਜਿਲ੍ਹੇ ਦੇ ਸ਼ਹੀਦ ਗੁਰਪ੍ਰੀਤ ਸਿੰਘ ਪੀ.ਐੱਮ. ਸ੍ਰੀ ਸਰਕਾਰੀ ਹਾਈ ਸਕੂਲ ਸਕੂਲ ਢਿੱਲਵਾਂ ਕਲਾਂ ਵਿਖੇ 51 ਪੌਦੇ ਲਗਾਏ ਗਏ। ਪੌਦੇ ਲਾਉਣ ਦੀ ਇਹ ਰਸਮ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ ਬਾਰੋਲੀਆ, ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਅਤੇ ਸਕੂਲ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਇਸ ਸਮੇਂ ਸਕੂਲ ਸਟਾਫ




ਦੇ ਰੁਪਿੰਦਰ ਸਿੰਘ, ਅਵਿਨਵ, ਮੀਨਾਕਸ਼ੀ, ਦੀਪ ਅਮਰ, ਪਰਮਪਾਲ ਕੌਰ, ਗੁਰਸ਼ਰਨ ਸਿੰਘ, ਕੁਲਵੰਤ ਸਿੰਘ ਅਤੇ ਜਸਕਰਨ ਸਿੰਘ ਸਮੇਤ ਸਕੂਲੀ ਵਿਦਿਆਰਥੀ ਮੌਜੂਦ ਸਨ। ਪੌਦੇ ਲਾਉਣ ਸਮੇਂ ਪ੍ਰਿੰ. ਪੰਨਾ ਲਾਲ ਪੀ.ਈ. ਐੱਸ.-1 ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਢੋਸੀਵਾਲ ਨੇ ਕਿਹਾ ਕਿ ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਬੇਹੱਦ ਅਹਿਮ ਭੂਮਿਕਾ ਹੈ। ਸਾਨੂੰ ਰੁੱਖਾਂ ਨੂੰ ਆਪਣੇ ਪੁੱਤਾਂ ਵਾਂਗੂੰ ਪਾਲਣਾ ਚਾਹੀਦਾ ਹੈ। ਵਾਤਾਵਰਣ ਪ੍ਰੇਮੀ ਅਤੇ ਟਰੱਸਟ ਆਗੂ ਇੰਸ. ਬਾਰੋਲੀਆ ਨੇ ਵਿਦਿਆਰਥੀਆਂ ਨੂੰ ਆਪਣਾ ਜੀਵਨ ਵਿੱਚ ਹਰ ਸਾਲ ਘੱਟੋ-ਘੱਟ ਪੰਜ ਰੁੱਖ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰੀ ਦਰਦੀ ਨੇ ਕਿਹਾ ਕਿ ਰੁੱਖਾਂ ਦੀ ਬੇਤਹਾਸ਼ਾ ਕਟਾਈ ਅਤੇ ਸਹੀ ਸੇਵਾ ਸੰਭਾਲ ਨਾ ਹੋਣਾ ਸਮੁੱਚੀ ਮਾਨਵਤਾ ਲਈ ਖਤਰੇ ਦੀ ਘੰਟੀ ਹੈ। ਆਪਣੇ ਸਕੂਲ ਵਿੱਚ ਪੌਦੇ ਲਾਉਣ ਲਈ ਸਕੂਲ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੇ ਆਗੂਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਅੱਗੇ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਟਰੱਸਟ ਮਹੱਤਵ ਪੂਰਨ ਰੋਲ ਅਦਾ ਕਰ ਰਿਹਾ ਹੈ। ਮੁੱਖ ਅਧਿਆਪਕਾ ਨੇ ਟਰੱਸਟ ਵੱਲੋਂ ਲਗਾਏ ਗਏ ਸਾਰੇ ਪੌਦਿਆਂ ਦੀ ਸਹੀ ਦੇਖ ਭਾਲ ਦਾ ਵਿਸ਼ਵਾਸ਼ ਵੀ ਦਿਵਾਇਆ। ਅੱਜ ਇੱਥੇ ਟਰੱਸਟ ਦੇ ਮੁੱਖ ਦਫਤਰ ਤੋਂ ਜਾਣਕਾਰੀ ਦਿੰਦੇ ਹੋਏ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਨੇ ਦੱਸਿਆ ਹੈ ਕਿ ਅਗਲੇ ਹਫ਼ਤੇ ਟਰੱਸਟ ਵੱਲੋਂ ਜਿਲ੍ਹੇ ਦੇ ਕੁਝ ਹੋਰ ਸਕੂਲਾਂ ਵਿੱਚ ਵੀ ਪੌਦੇ ਗਾਏ ਜਾਣਗੇ।

## ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ 22 ਜੁਲਾਈ ਤੋਂ 11 ਅਗਸਤ ਤੱਕ ਆਨਲਾਈਨ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ : ਦਿਓਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਫ਼ਰੀਦਕੋਟ, 23 ਜੁਲਾਈ : ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਫ਼ਰੀਦਕੋਟ ਗੁਰਜੀਤ ਸਿੰਘ ਦਿਓਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਘੋਸ਼ਣਾ ਅਤੇ ਪੰਜਾਬ ਸਰਕਾਰ ਦੇ ਫ਼ੈਸਲੇ ਅਨੁਸਾਰ ਨੈਸ਼ਨਲ ਫੂਡ ਸਿਕਿਊਰਿਟੀ ਐਕਟ, 2013 ਅਤੇ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਨਵੇਂ ਮੈਂਬਰ ਸ਼ਾਮਲ ਕਰਨ ਲਈ 22 ਜੁਲਾਈ ਤੋਂ 11 ਅਗਸਤ 2026 ਤੱਕ ਆਨਲਾਈਨ ਅਰਜ਼ੀਆਂ ਪ੍ਰਾਪਤ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਸ ਪਹਿਲ ਦਾ ਮਕਸਦ ਯੋਗ ਪਰਿਵਾਰਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਤਕਨਾਲੋਜੀ ਆਧਾਰਿਤ ਪ੍ਰਕਿਰਿਆ ਰਾਹੀਂ ਯੋਜਨਾ ਦਾ ਲਾਭ ਮੁਹੱਈਆ ਕਰਵਾਉਣਾ ਹੈ। ਨਵੇਂ ਰਾਸ਼ਨ ਕਾਰਡ ਬਣਾਉਣ ਜਾਂ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ ਫਾਰਮ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਵਿਭਾਗ ਦੀ ਵੈੱਬਸਾਈਟ http://foodsuppb.gov.in ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਬਿਨੈਕਾਰਾਂ ਨੂੰ ਅਰਜ਼ੀ ਭਰਨ ਤੋਂ ਪਹਿਲਾਂ ਫਾਰਮ ਨਾਲ ਦਿੱਤੀਆਂ ਹਦਾਇਤਾਂ ਧਿਆਨ ਨਾਲ ਪੜ੍ਹਨ ਅਤੇ ਸਾਰੇ ਲੋੜੀਂਦੇ ਦਸਤਾਵੇਜ਼ਾਂ ਸਮੇਤ ਹੀ ਅਰਜ਼ੀ ਜਮਾਂ ਕਰਵਾਉਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਿਨੈਕਾਰ ਆਪਣੀ ਅਰਜ਼ੀ ਨਜ਼ਦੀਕੀ ਸੇਵਾ ਕੇਂਦਰ ਜਾਂ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ.) ਰਾਹੀਂ ਆਨਲਾਈਨ ਜਮਾਂ ਕਰਵਾ ਸਕਦੇ ਹਨ। ਇਸ ਸਥਿਤੀ ਵਿੱਚ ਅਰਜ਼ੀ ਸਫਲਤਾਪੂਰਵਕ ਜਮਾਂ ਹੋਣ ਉਪਰੰਤ 100 ਰੁਪਏ ਪ੍ਰਤੀ ਫਾਰਮ ਪ੍ਰੋਸੈਸਿੰਗ ਫੀਸ ਅਦਾ ਕਰਨੀ ਹੋਵੇਗੀ। ਇਸ ਤੋਂ ਇਲਾਵਾ ਬਿਨੈਕਾਰ ਆਪਣੀ ਅਰਜ਼ੀ ਖੁਦ ਵੀ ਸਰਕਾਰੀ ਪੋਰਟਲ https://ercms.punjab.gov.in ਰਾਹੀਂ ਆਨਲਾਈਨ ਜਮਾਂ ਕਰਵਾ ਸਕਦੇ ਹਨ, ਜਿਸ ਲਈ ਕਿਸੇ ਵੀ ਕਿਸਮ ਦੀ ਫੀਸ ਨਹੀਂ ਲਈ ਜਾਵੇਗੀ। ਬਿਨੈਕਾਰ ਆਪਣੇ ਫਾਰਮ, ਲੋੜੀਂਦੇ ਦਸਤਾਵੇਜ਼ਾਂ ਅਤੇ 100 ਰੁਪਏ ਫੀਸ ਸਮੇਤ ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਫ਼ਰੀਦਕੋਟ ਦੇ ਦਫ਼ਤਰ ਵਿਖੇ ਵੀ ਜਮਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅਰਜ਼ੀ ਸਫਲਤਾਪੂਰਵਕ ਆਨਲਾਈਨ ਜਮਾਂ ਹੋਣ ਉਪਰੰਤ ਬਿਨੈਕਾਰ ਨੂੰ ਉਸਦੇ ਮੋਬਾਈਲ ਨੰਬਰ 'ਤੇ ਅਰਜ਼ੀ ਪ੍ਰਾਪਤ ਹੋਣ ਦਾ ਸੁਨੇਹਾ ਅਤੇ ਰਸੀਦ ਨੰਬਰ ਭੇਜਿਆ ਜਾਵੇਗਾ। ਅਰਜ਼ੀਆਂ 22 ਜੁਲਾਈ ਤੋਂ 11 ਅਗਸਤ 2026 ਤੱਕ ਹੀ ਸਵੀਕਾਰ ਕੀਤੀਆਂ ਜਾਣਗੀਆਂ। ਬਿਨੈਕਾਰ ਕਿਸੇ ਵੀ ਕੰਮਕਾਜੀ ਦਿਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਸੇਵਾ ਕੇਂਦਰ/ਸੀ.ਐਸ.ਸੀ. ਜਾਂ ਜ਼ਿਲ੍ਹਾ ਦਫ਼ਤਰ ਵਿਖੇ ਆਪਣੀਆਂ ਅਰਜ਼ੀਆਂ ਜਮਾਂ ਕਰਵਾ ਸਕਦੇ ਹਨ। ਉਨ੍ਹਾਂ ਵਧੇਰੇ ਜਾਣਕਾਰੀ ਲਈ ਬਿਨੈਕਾਰਾਂ ਨੂੰ ਜ਼ਿਲ੍ਹਾ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦਫ਼ਤਰ, ਫ਼ਰੀਦਕੋਟ ਜਾਂ ਆਪਣੇ ਨਜ਼ਦੀਕੀ ਸੇਵਾ ਕੇਂਦਰ/ਕਾਮਨ ਸਰਵਿਸ ਸੈਂਟਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ।

## ਮੱਲ ਕਿਆਂ ਵਾਲੇ ਸੁਰੀਲੇ ਕਲਾਵੰਤ ਬਰਾੜ

ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ




ਕਿਤੇ ਪੜ੍ਹਿਆ ਸੀ ਕਿ ਪੰਜਾਬ ਦੇ ਵਿਕਾਸ ਪੁਰਸ਼ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੇ ਸਹੁਰੇ ਪੁਰਾਣੇ ਫੀਰੋਜ਼ਪੁਰ ਜ਼ਿਲ੍ਹੇ ਦਾ ਆਖਰੀ ਪਿੰਡ ਫ਼ਰੀਦਕੋਟ ਵੱਲ ਜਾਂਦਿਆਂ ਪਿੰਡ ਮੱਲ ਕੇ ਵਿਖੇ ਸਨ।

ਕਦੇ ਕੈਰੋਂ ਸਾਹਿਬ ਇਸ ਪਿੰਡ ਸਿਹਰੇ ਲਾ ਕੇ ਢੁੱਕੇ ਹੋਣਗੇ, ਮਾਤਾ ਰਾਮ ਕੌਰ ਜੀ ਨੂੰ ਵਿਆਹੁਣ।

ਕਹਿੰਦੇ ਨੇ ਕਿ ਮੁੱਖ ਮੰਤਰੀ ਬਣਨ ਉਪਰੰਤ ਇੱਕ ਵਾਰ ਕੈਰੋਂ ਸਾਹਿਬ ਸਹੁਰੀਂ ਆਏ। ਪਿੰਡ ਦੇ ਕਿਸੇ ਸਿਆਣੇ ਨੇ ਉਨ੍ਹਾਂ ਨੂੰ ਕਿਹਾ," ਫੁੱਫੜ ਜੀ, ਸਾਡੇ ਮੁੰਡੇ ਨੂੰ ਓਵਰਸੀਅਰ ਕੋਰਸ ਵਿੱਚ ਦਾਖਲਾ ਹੀ ਦਿਵਾ ਦਿਉ।

ਸ. ਪ੍ਰਤਾਪ ਸਿੰਘ ਕੈਰੋਂ ਬੋਲੇ, ਜ਼ੀਨ ਤੁਸੀਂ ਦੇ ਦਿਉ, ਪੋਲੀਟੈਕਨਿਕ ਮੈਂ ਖੋਲ੍ਹ ਦਿੰਨਾਂ।

ਪੰਜਗਰਾਈਂ (ਮੋਗਾ) ਦੇ ਜੰਮ ਪਲ ਸ. ਗਿਆਨ ਸਿੰਘ ਸਾਬਕਾ ਲੋਕ ਸੰਪਰਕ ਅਫ਼ਸਰ ਦੇ ਦੱਸਣ ਮੁਤਾਬਕ ਰੋਡੇ ਪਿੰਡ ਨੇੜੇ ਸਾਂਝੀ ਜ਼ਮੀਨ ਵਿੱਚ ਪਾਲੀਟੈਕਨਿਕ ਖੁੱਲ੍ਹ ਗਈ ਤੇ ਇਲਾਕੇ ਦੇ ਹਜ਼ਾਰਾਂ ਨੌਜਵਾਨ ਇੰਜਨੀਅਰ ਬਣ ਗਏ, ਘਰੋਂ ਰੋਟੀ ਖਾ ਕੇ ਹੀ। ਨਾਲੇ ਮਾਪਿਆਂ ਨਾਲ ਖੇਤੀ ਵਿੱਚ ਹੱਥ ਵਟਾਉਂਦੇ। ਇਲਾਕੇ ਵਿੱਚ ਲੋਕ ਫੁੱਫੜ ਦੀ ਮਹਿਮਾ ਗਾਉਣ ਲੱਗੇ।

ਹੁਣ ਵਾਲੇ ਫੁੱਫੜ ਪਹਿਲਾਂ ਵਰਗੇ ਨਹੀਂ ਰਹੇ ਜਾਂ ਭੂਆ ਹੀ ਪੇਕਿਆਂ ਦਾ ਹਿਤ ਨਹੀਂ ਪਾਲਦੀਆਂ।

ਪਰ ਜਿਸ ਪ੍ਰਸੰਗ ਵਿੱਚ ਮੈਂ ਗੱਲ ਕਰ ਰਿਹਾਂ, ਉਹ ਪ੍ਰਸੰਗ ਨਵੇਲਾ ਹੈ।

1985-86 ਵਿੱਚ ਇਸੇ ਪਿੰਡ ਦਾ ਨੌਜਵਾਨ ਰਾਜ ਬਰਾੜ ਮੈਨੂੰ ਲੁਧਿਆਣਾ ਵਿਖੇ ਆ ਕੇ ਮਿਲਿਆ ਸੀ। ਉਦੋਂ ਸਿਰਫ਼ ਗੀਤ ਲਿਖਦਾ ਹੀ ਸੀ, ਗਾਉਂਦਾ ਨਹੀਂ। ਸੋਹਣਾ ਰੱਜ ਕੇ, ਵੇਖਿਆਂ ਭੁੱਖ ਲਹਿੰਦੀ ਸੀ। ਮੋਟੀ ਬਲੌਰੀ ਅੱਖ।

ਬਲਧੀਰ ਮਾਹਲਾ ਨੇ ਉਸ ਦਾ ਗੀਤ ਗਾਇਆ ਸੀ ਉਦੋਂ। ਲੋਕ ਰਾਜ ਬਰਾੜ ਲੱਭਣ ਲੱਗ ਪਏ। ਮਗਰੋਂ ਉਹ ਗਾਉਣ ਲੱਗ ਪਿਆ, ਬਹੁਤ ਮਿੱਠੇ ਗੀਤ। ਸਾਡੀ ਵਾਰੀ ਰੰਗ ਮੁੱਕਿਆ ਨੇ ਤਾਂ ਸਭ ਤੋਂ ਪਿਆਰ ਲਿਆ।

ਇਸੇ ਪਿੰਡ ਦਾ ਦੂਜਾ ਬਰਾੜ ਮੈਨੂੰ ਡਾ. ਰਾਜਿੰਦਰ ਸਿੰਘ ਬਰਾੜ ਮਿਲਿਆ। ਲਾਲ ਚੰਦ ਯਮਲਾ ਜੱਟ ਦਾ ਚੇਲਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪੁਰਾਣਾ ਵਿਦਿਆਰਥੀ। ਹੁਣ ਫਾਊਲਰ(ਕੈਲੇਫੋਰਨੀਆ) ਰਹਿੰਦਾ ਹੈ ਚਾਲੀ ਪੰਜਾਹ ਸਾਲ ਤੋਂ। ਯਮਲਾ ਜੱਟ ਦੀ ਯਾਦ ਵਿੱਚ ਫਰਿਜ਼ਨੋ ਵਿੱਚ ਹਰ ਸਾਲ ਮੇਲਾ ਲਾਉਂਦਾ ਹੈ। ਤੂੰਬੀ ਨਾਲ ਗਾਉਂਦਾ ਹੈ ਵਜਦ ਵਿੱਚ ਆ ਕੇ।

ਉਸ ਦੇ ਸ਼ਗਨ ਵੱਲੋਂ ਉਸਤਾਦ ਯਮਲਾ ਜੱਟ ਨੇ ਅਖਾੜਾ ਲਾਇਆ ਸੀ।

ਤੀਸਰਾ ਬਰਾੜ ਇਸੇ ਪਿੰਡ ਤੋਂ ਮੱਖਣ ਬਰਾੜ ਹੈ। ਜਿਸ ਦੇ ਗੀਤਾਂ ਵਿੱਚੋਂ ਮੈਨੂੰ ਪੰਜਾਬ ਦਿਸਦਾ ਹੈ।

ਇੱਕ ਗੀਤ ਗੁਰਦਾਸ ਮਾਨ ਸਾਹਿਬ ਨੇ ਵੀ ਗਾਇਆ ਸੀ ਕਦੇ।

ਆਪਣਾ ਪੰਜਾਬ ਹੋਵੇ ਅਗਲੀ ਸੱਤਰ ਮੈਂ ਨਹੀਂ ਦੱਸਣੀ ਕਿਉਂਕਿ ਮੇਰੀ ਅਸਹਿਮਤੀ ਹੈ ਘਰ ਦੀ ਸ਼ਰਾਬ ਤੇ ਵਿਹਲੜ ਸੱਭਿਆਚਾਰ ਨਾਲ। ਮੰਦੇ ਤੇ ਨਵਾਬ ਬਣ ਬੈਠਾ ਜਵਾਨ ਪੁੱਤਰ ਮੈਨੂੰ ਜ਼ਹਿਰ ਵਰਗਾ ਲੱਗਦਾ ਹੈ।
ਉਲਸ ਦੇ ਬਹੁਤੇ ਗੀਤ ਮੇਰੀ ਪਹਿਲ ਪਲੇਠੀ ਪਸੰਦ

ਗਿੱਲ ਹਰਦੀਪ ਨੇ ਬਹੁਤ ਹੀ ਬੁਲੰਦ ਆਵਾਜ਼ ਵਿੱਚ ਮੱਖਣ ਦਾ ਇਹ ਗੀਤ ਗਾਇਆ ਸੀ

ਕਰੀਂ ਕਿਤੇ ਮੇਲ ਰੱਬਾ
ਦਿੱਲੀ ਤੇ ਲਾਹੌਰ ਦਾ।
ਉਸ ਦੇ ਹੋਰ ਵੀ ਅਨੇਕਾਂ ਗੀਤ ਲੋਕ ਜ਼ਬਾਨਾਂ ਤੇ ਨੇ।

ਕਿਸੇ ਦੋਸਤ ਨੇ ਉਸ ਦੀ ਇੱਕ ਨਜ਼ਮ ਮੈਨੂੰ ਭੇਜੀ ਹੈ। ਮੱਖਣ ਦੀ ਆਵਾਜ਼ ਵਿੱਚ। ਉੱਥੋਂ ਉਤਾਰਾ ਕਰਕੇ ਤੁਹਾਨੂੰ ਭੇ ਰਿਹਾਂ।
ਬੰਦਾ ਉਹੀ ਚੀਜ਼ ਅੱਗੇ ਵੰਡਦਾ ਏ ਜੋ ਚੰਗੀ ਲੱਗੇ।

ਕਵਿਤਾ ਵਿੱਚੋਂ ਟੋਰੰਟੋ ਨੇੜੇ ਨਿਆਗਰਾ ਫਾਲਜ਼ ਬੈਠਾ ਮੱਖਣ ਬਰਾੜ ਆਪਣੇ ਪਿੰਡ ਨੂੰ ਕਿਵੇਂ ਚਿਤਵਦਾ ਹੈ. ਉਹ ਕਮਾਲ ਹੈ। ਇਸ ਕਮਾਲ ਨਾਲ ਸਾਂਝ ਪਾਉ।

ਕੱਲ੍ਹ ਵਤਨਾਂ ਦਾ ਆਇਆ ਸੁਪਨਾ
ਅੱਧੀ ਰਾਤ ਪਹਿਰ ਦੇ ਤੜਕੇ।

ਚਾਰ ਚੁਫੇਰੇ ਨਜ਼ਰ ਘੁੰਮਾਈ,
ਪਿੰਡ ਦੀ ਫਿਰਨੀ ਉੱਕੇ ਖੜ੍ਹ ਕੇ।

ਜਿੱਥੇ ਮੈਂ ਸੀ ਤੁਰਨਾ ਸਿੱਖਿਆ,
ਪਿਉ ਆਪਣੇ ਦੀ ਉਂਗਲੀ ਫੜ ਕੇ।

ਨਾ ਉਹ ਛੱਪੜ ਨਾ ਉਹ ਪਿੱਪਲ,
ਨਾ ਕਿਧਰੇ ਕੋਈ ਨਲਕਾ ਖੜਕੇ।

ਕਿੱਥੇ ਮਾਂ ਤੇਰੇ ਸੂਤ ਗਲੋਟੇ,
ਕਿੱਧਰ ਗਏ ਅੱਜ ਤੇਰੇ ਚਰਖੇ।

ਬੜੇ ਚਿਰਾਂ ਦਾ ਭੁੱਖਾ ਹਾਂ ਮੈਂ,
ਲਿਆ ਰੋਟੀ ਤੇ ਮੱਖਣੀ ਧਰ ਕੇ।

ਜਿਹੜੀ ਅੱਜ ਪਕਾਈ ਧੁੱਪੇ,
ਤੂੰ ਮੰਜੇ ਦਾ ਓਹਲਾ ਕਰਕੇ।

ਤੌੜੀ ਵਾਲਾ ਦੁੱਧ ਲਿਆ ਦੇ,
ਲਾਲ ਹੁੰਦਾ ਸੀ ਜੋ ਕੜ੍ਹ ਕੜ੍ਹ ਕੇ।

ਏਸ ਮਧਾਣੀ- ਗੂੰਜ ਨੂੰ ਤਰਸਾ,
ਪੈਂਦੀ ਸੀ ਜੋ ਤੜਕੇ ਤੜਕੇ।

ਅੱਕ ਗਿਆ ਮੈਂ , ਥੱਕ ਗਿਆ ਮੈਂ,
ਵੇਖੀਆਂ ਬਹੁਤ ਕਮਾਈਆਂ ਕਰਕੇ।

ਹੁਣ ਮਾਏ ਮੈਂ ਸੌਣਾ ਚਾਹੁੰਦਾਂ,
ਤੇਰੀ ਗੋਦੀ ਵਿੱਚ ਸਿਰ ਧਰ ਕੇ।

ਮਾਂ ਦੇ ਪੈਰਾਂ ਹੇਠਾਂ ਜੰਨਤ,
ਮੁੜ ਆਇਆਂ ਮੈਂ ਚੰਦ ਕੇ ਚੜ੍ਹ ਕੇ।

ਮਾਂ ਦਾ ਰੁਤਬਾ 'ਮੱਖਣ ਬਰਾੜਾ'
ਮਿਲਦਾ ਜੋਬਨ ਗਹਿਣੇ ਧਰ ਕੇ।

ਮੱਲ ਕੇ ਪਿੰਡ ਦੀ ਮਿੱਟੀ ਨੂੰ ਸਲਾਮ, ਜਿਸ ਨੇ ਤਿੰਨ ਸੰਗੀਤਕ ਹੀਰੇ ਪੰਜਾਬ ਨੂੰ ਹੀ ਨਹੀਂ ਪੂਰੇ ਗਲੋਬ ਤੇ ਵੱਸਦੇ ਪੰਜਾਬੀਆਂ ਨੂੰ ਦਿੱਤੇ।

ਮੇਰਾ ਪਿੱਤਰ ਪੁਨੀਤ ਦੱਸ ਰਿਹਾ ਸੀ ਕਿ ਰਾਜ ਬਰਾੜ ਦਾ ਸਪੁੱਤਰ ਜੋਸ਼ ਬਰਾੜ ਵੀ ਬਹੁਤ ਸੋਹਣਾ ਗਾ ਰਿਹੈ।
"ਸ਼ੇਰਾਂ ਦੇ ਪੁੱਤ ਸ਼ੇਰ" ਕਹਾਵਤ ਸੱਚ ਕਰਨ ਵਾਲੇ ਬੇਟੇ ਨੂੰ ਬਹੁਤ ਸਾਰਾ ਪਿਆਰ।